# ਤੰਬਾਕੂ ਰੀਟੇਲ ਲਾਇਸੈਂਸਿੰਗ ਸੰਬੰਧੀ ਅਕਸਰ ਪੁੱਛੇ ਜਾਣ ਵਾਲੇ ਸਵਾਲ

1 ਜਨਵਰੀ, 2022 ਤੋਂ, ਓਰਿਗਨ ਵਿੱਚ ਕੋਈ ਵੀ ਪ੍ਰਚੂਨ ਵਿਕਰੇਤਾ ਜੋ ਤੰਬਾਕੂ ਜਾਂ ਇਨਹੇਲੈਂਟ ਡਿਲੀਵਰੀ ਸਿਸਟਮ (IDS) ਉਤਪਾਦ ਜਿਵੇਂ ਕਿ ਈ-ਸਿਗਰਟ ਜਾਂ ਵੇਪਿੰਗ ਉਤਪਾਦ ਵੇਚਦਾ ਹੈ, ਉਸ ਕੋਲ ਲਾਇਸੰਸ ਹੋਣਾ ਚਾਹੀਦਾ ਹੈ। ਇਸ ਸਥਿਤੀ ਵਿੱਚ ਰਾਜ:

- ਵਪਾਰਕ ਤੰਬਾਕੂ* ਵੇਚਣ ਵਾਲੀਆਂ ਥਾਂਵਾਂ 'ਤੇ ਨਿਗਰਾਨੀ ਰੱਖ ਸਕਦਾ ਹੈ
- ਤੰਬਾਕੂ ਵਿਕਰੀ ਸੰਬੰਧੀ ਕਨੂੰਨ ਲਾਗੂ ਕਰ ਸਕਦਾ ਹੈ
- ਸਿੱਖਿਆ ਅਤੇ ਸਿਖਲਾਈ ਦੇ ਨਾਲ ਰੀਟੇਲ ਮਾਲਕਾਂ ਅਤੇ ਕਰਮਚਾਰੀਆਂ ਨੂੰ ਸਹਾਇਤਾ ਪ੍ਰਦਾਨ ਕਰ ਸਕਦਾ ਹੈ

## ਪਿਛੋਕੜ

### ਮੈਨੂੰ ਤੰਬਾਕੂ ਵੇਚਣ ਲਈ ਲਾਇਸੰਸ ਦੀ ਲੋੜ ਕਿਉਂ ਹੈ?

ਓਰਿਗਨ ਵਿੱਚ ਬੱਚਿਆਂ ਲਈ ਤੰਬਾਕੂ ਅਤੇ ਵੇਪਿੰਗ ਉਤਪਾਦ ਖਰੀਦਣਾ ਬਹੁਤ ਅਸਾਨ ਹੈ। 2023 ਵਿੱਚ, ਓਰਿਗਨ ਸਿਹਤ ਅਦਾਰੇ (OHA) ਵੱਲੋਂ ਕੀਤੀ ਗਈ ਇੱਕ ਸਮੀਖਿਆ ਵਿੱਚ ਪਾਇਆ ਗਿਆ ਕਿ ਚਾਰ ਵਿੱਚੋਂ ਇੱਕ ਤੰਬਾਕੂ ਵਿਕਰੇਤਾ 21 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤੰਬਾਕੂ ਵੇਚਦਾ ਹੈ। ਜੋ ਕਿ ਕਨੂੰਨ ਦੇ ਵਿਰੁੱਧ ਹੈ। ਹੋਰ ਸੂਬਿਆਂ ਅਤੇ ਸਥਾਨਕ ਖੇਤਰਾਂ ਵਿੱਚ ਤੰਬਾਕੂ ਰੀਟੇਲ ਲਾਇਸੈਂਸਿੰਗ ਲਾਗੂ ਕਰਨ ਨਾਲ ਸਫ਼ਲਤਾ ਮਿਲੀ ਹੈ। ਇਸ ਨਾਲ ਯਕੀਨੀ ਬਣਾਇਆ ਜਾ ਸਕੇਗਾ ਕਿ ਪ੍ਰਚੂਨ ਵਿਕਰੇਤਾ ਤੰਬਾਕੂ ਵਿਕਰੀ ਨਾਲ ਜੁੜੇ ਕਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਦੇ ਹਨ।

### "ਤੰਬਾਕੂ ਦਾ ਪ੍ਰਚੂਨ ਵਿਕਰੇਤਾ" ਕੌਣ ਹੁੰਦਾ ਹੈ?

ਕੋਈ ਵੀ ਵਿਅਕਤੀ ਜੋ ਤੰਬਾਕੂ ਜਾਂ IDS ਉਤਪਾਦ ਸਿੱਧਾ ਖਪਤਕਾਰਾਂ ਨੂੰ ਵੇਚਦਾ ਹੈ, ਉਹ ਤੰਬਾਕੂ ਦਾ ਪ੍ਰਚੂਨ ਵਿਕਰੇਤਾ ਹੁੰਦਾ ਹੈ। ਜਿਨ੍ਹਾਂ ਕੋਲ ਤੰਬਾਕੂ ਵੇਚਣ ਲਈ ਤੰਬਾਕੂ ਪ੍ਰਚੂਨ ਲਾਇਸੰਸ ਹੋਣਾ ਚਾਹੀਦਾ ਹੈ ਉਹਨਾਂ ਵਿੱਚ ਸ਼ਾਮਲ ਹਨ:

- ਪ੍ਰਚੂਨ ਸਟੋਰ
- ਸਿਗਾਰ ਅਤੇ ਹੁੱਕਾ ਲੌਂਜ
- ਵੇਪ ਵਾਲੀਆਂ ਦੁਕਾਨਾਂ
- ਬਾਰ

* ਇਸ ਦਸਤਾਵੇਜ਼ ਵਿੱਚ "ਤੰਬਾਕੂ" ਤੋਂ ਭਾਵ ਵਪਾਰਕ ਤੰਬਾਕੂ ਉਤਪਾਦਾਂ ਤੋਂ ਹੈ। ਇਹ ਰਿਵਾਇਤੀ ਤੰਬਾਕੂ ਜਾਂ ਕੋਈ ਹੋਰ ਪਲਾਂਟ ਮਿਸ਼ਰਣਾਂ ਤੋਂ ਵੱਖਰੇ ਹੁੰਦੇ ਹਨ ਜੋ ਅਮਰੀਕੀ ਭਾਰਤੀ ਅਤੇ ਅਲਾਸਕਾ ਮੂਲ ਦੇ ਨਿਵਾਸੀ ਸਮਾਗਮਾਂ ਵਿੱਚ ਅਤੇ ਅਧਿਆਤਮਕ ਉਦੇਸ਼ਾਂ ਲਈ ਵਰਤਦੇ ਹਨ।

Oregon Health Authority

ਇਹ ਕਨੂੰਨ ਇਨ੍ਹਾਂ ਉੱਤੇ ਲਾਗੂ **ਨਹੀਂ** ਹੁੰਦਾ:

- ਕਬਾਇਲੀ ਜ਼ਮੀਨਾਂ ਦੇ ਪ੍ਰਚੂਨ ਵਿਕਰੇਤਾਵਾਂ
- ਓਰਿਗਨ ਲਿਕੁਅਰ ਐਂਡ ਕੈਨੇਬੀ ਕਮੀਸ਼ਨ (OLCC)-ਲਾਇਸੰਸਸ਼ੁਦਾ ਮਾਰਿਜੁਆਨਾ ਪ੍ਰਚੂਨ ਵਿਕਰੇਤਾਵਾਂ
- OHA-ਲਾਇਸੰਸਸ਼ੁਦਾ ਮਾਰਿਜੁਆਨਾ ਡਿਸਪੈਂਸਰੀਆਂ ਜੋ ਨਿਕੋਟੀਨ ਵਾਲੇ IDS ਉਤਪਾਦ ਨਹੀਂ ਵੇਚਦੀਆਂ

ਕੁੱਝ ਕਾਉਂਟੀਆਂ ਵਿੱਚ ਪ੍ਰਚੂਨ ਵਿਕਰੇਤਾ ਆਪਣੀ ਕਾਉਂਟੀ ਦੇ ਤੰਬਾਕੂ ਰੀਟੇਲ ਲਾਇਸੰਸ ਪ੍ਰੋਗਰਾਮ ਤਹਿਤ ਕੰਮ ਕਰਨਾ ਜਾਰੀ ਰੱਖਣਗੇ।

## ਇੱਕ ਤੰਬਾਕੂ ਰੀਟੇਲ ਲਾਇਸੰਸ ਪ੍ਰਾਪਤ ਕਰਨਾ

### ਲਾਇਸੰਸ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ?

ਲਾਇਸੰਸ ਲਈ ਅਰਜ਼ੀ ਦੇਣ ਵਾਸਤੇ, ਮਾਲੀਆ ਵਿਭਾਗ ਦੇ ਤੰਬਾਕੂ ਰੀਟੇਲ ਲਾਇਸੰਸ ਵੈੱਬ ਪੰਨੇ 'ਤੇ ਜਾਓ।

ਜੇਕਰ ਤੁਸੀਂ ਇੱਕ ਤੋਂ ਵੱਧ ਸਥਾਨਾਂ 'ਤੇ ਕੰਮ ਕਰਦੇ ਹੋ, ਤਾਂ ਤੁਹਾਨੂੰ ਹਰੇਕ ਸਥਾਨ ਲਈ ਅਲੱਗ ਲਾਇਸੰਸ ਲੈਣਾ ਪਏਗਾ।

### ਲਾਇਸੰਸ ਦਾ ਖ਼ਰਚਾ ਕਿੰਨਾ ਹੈ ਅਤੇ ਇਸ ਵਿੱਚ ਕੀ ਕੁੱਝ ਸ਼ਾਮਲ ਹੈ?

ਸਲਾਨਾ ਫੀਸ $953.00 ਹੈ। ਫੀਸ ਵਿੱਚ ਪ੍ਰੋਗਰਾਮ ਦੀ ਅਸਲ ਲਾਗਤ ਸ਼ਾਮਲ ਹੁੰਦੀ ਹੈ। ਇਸ ਵਿੱਚ ਸ਼ਾਮਲ ਹੈ:

- ਮਜ਼ਬੂਤ ਅਤੇ ਸਮਰੱਥ ਲਾਗੂਕਰਨ, ਅਤੇ
- ਪ੍ਰਚੂਨ ਵਿਕਰੇਤਾ ਸਿੱਖਿਆ।

### ਜੇਕਰ ਲਾਇਸੰਸ ਦੀ ਅਰਜ਼ੀ ਦੇਣ ਸਮੇਂ ਮੈਨੂੰ ਮਦਦ ਦੀ ਲੋੜ ਹੋਵੇ ਤਾਂ ਮੈਂ ਕਿਸਨੂੰ ਸੰਪਰਕ ਕਰਾਂ?

ਓਰਿਗਨ ਦੇ ਮਾਲੀਆ ਵਿਭਾਗ (DOR) ਨੂੰ ਇਸ ਉੱਤੇ ਸੰਪਰਕ ਕਰੋ: TRL.help@dor.oregon.gov

### ਮੈਨੂੰ ਅਕਸਰ ਕਿੰਨੀ ਵਾਰ ਲਾਇਸੰਸ ਨੂੰ ਮੁੜ ਨਵਾਂ ਕਰਾਉਣ ਦੀ ਲੋੜ ਹੁੰਦੀ ਹੈ?

ਜਾਰੀ ਹੋਣ ਦੀ ਤਰੀਕ ਤੋਂ ਬਾਅਦ ਹਰ ਸਾਲ। DOR ਮੁੜ-ਨਵੀਨੀਕਰਨ ਦੀ ਮਿਤੀ ਤੋਂ ਪਹਿਲਾਂ ਤੁਹਾਨੂੰ ਡਾਕ ਰਾਹੀਂ ਇੱਕ ਪੱਤਰ ਭੇਜੇਗਾ।

### ਆਪਣਾ ਕਾਰੋਬਾਰ ਵੇਚਣ ਤੋਂ ਬਾਅਦ ਕੀ ਮੇਰਾ ਲਾਇਸੰਸ ਨਵੇਂ ਮਾਲਕ ਨੂੰ ਟ੍ਰਾਂਸਫਰ ਹੋ ਜਾਵੇਗਾ?

ਨਹੀਂ। ਲਾਇਸੰਸ ਇੱਕ ਕਾਰੋਬਾਰ ਤੋਂ ਦੂਜੇ ਕਾਰੋਬਾਰ ਨੂੰ ਟ੍ਰਾਂਸਫਰ ਨਹੀਂ ਕੀਤਾ ਜਾ ਸਕਦਾ। ਨਵੇਂ ਕਾਰੋਬਾਰ ਮਾਲਕ ਲਈ ਨਵੇਂ ਲਾਇਸੰਸ ਲਈ ਅਪਲਾਈ ਕਰਨਾ ਜ਼ਰੂਰੀ ਹੈ।

## ਜੇਕਰ ਮੈਂ ਆਪਣਾ ਕਾਰੋਬਾਰ ਨਵੀਂ ਜਗ੍ਹਾ 'ਤੇ ਲੈ ਜਾਂਦਾ ਹਾਂ ਤਾਂ ਕੀ ਮੇਰਾ ਲਾਇਸੰਸ ਵੀ ਇਸ ਨਾਲ ਜਾ ਸਕਦਾ ਹੈ?

ਲਾਇਸੰਸ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਨਹੀਂ ਲਿਜਾਇਆ ਜਾ ਸਕਦਾ। ਤੁਹਾਨੂੰ ਨਵੇਂ ਲਾਇਸੰਸ ਲਈ ਅਪਲਾਈ ਕਰਨਾ ਪਏਗਾ।

# ਪਾਲਣਾ ਅਤੇ ਲਾਗੂਕਰਨ

## ਪਾਲਣਾ ਕਰਦੇ ਰਹਿਣ ਲਈ ਮੈਨੂੰ ਕੀ ਕਰਨਾ ਪਏਗਾ?

ਤੰਬਾਕੂ ਵਿਕਰੀ ਨਾਲ ਜੁੜੇ ਕਨੂੰਨਾਂ, ਨਿਯਮਾਂ ਅਤੇ ਤੰਬਾਕੂ ਰੀਟੇਲ ਲਾਇਸੰਸ ਦੀਆਂ ਸ਼ਰਤਾਂ ਬਾਰੇ ਸਾਰੀ ਜਾਣਕਾਰੀ ਪ੍ਰਚੂਨ ਵਿਕਰੇਤਾਵਾਂ ਲਈ ਤੰਬਾਕੂ ਰੀਟੇਲ ਲਾਇਸੰਸ ਸਿਖਲਾਈ ਮੈਨੁਅਲ ਵਿੱਚ ਦਿੱਤੀ ਗਈ ਹੈ। ਮੈਨੁਅਲ ਨੂੰ www.healthoregon.org/tobaccoretailsales 'ਤੇ ਪਾਇਆ ਜਾ ਸਕਦਾ ਹੈ।

## ਲਾਗੂਕਰਨ ਕੀ ਹੈ ਅਤੇ ਇਸਨੂੰ ਕੌਣ ਅਮਲ ਵਿੱਚ ਲਿਆਉਂਦਾ ਹੈ?

DOR ਤੰਬਾਕੂ ਰੀਟੇਲ ਲਾਇਸੰਸ ਦੀ ਜ਼ਰੂਰਤ ਨੂੰ ਲਾਗੂ ਕਰੇਗਾ।

OHA ਜਾਂ ਸਥਾਨਕ ਲੋਕ ਸਿਹਤ ਅਦਾਰਾ ਹਰ ਸਾਲ ਦੋ ਵਾਰ ਜਾਂਚ ਕਰੇਗਾ ਤਾਂ ਕਿ:

- ਯਕੀਨੀ ਹੋ ਸਕੇ ਕਿ ਪ੍ਰਚੂਨ ਵਿਕਰੇਤਾ 21 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤੰਬਾਕੂ ਨਹੀਂ ਵੇਚ ਰਹੇ ਹਨ
- ਯਕੀਨੀ ਹੋ ਸਕੇ ਕਿ ਪ੍ਰਚੂਨ ਵਿਕਰੇਤਾ ਤੰਬਾਕੂ ਪ੍ਰਚੂਨ ਵਿਕਰੀ ਨਾਲ ਜੁੜੇ ਸਾਰੇ ਨਿਯਮਾਂ ਦੀ ਪਾਲਣਾ ਕਰਦੇ ਹਨ

## ਜੇਕਰ ਮੇਰੀ ਜਾਂਚ ਪਾਸ ਨਹੀਂ ਹੁੰਦੀ ਤਾਂ ਕੀ ਹੋਵੇਗਾ?

www.healthoregon.org/tobaccoretailsales 'ਤੇ ਜਾਓ। DOR ਦੀ ਸਾਰਨੀ ਅਤੇ ਤੰਬਾਕੂ ਵਿਕਰੀ ਨਾਲ ਜੁੜੇ ਨਿਯਮਾਂ ਦੀ ਉਲੰਘਣਾ ਹੋਣ 'ਤੇ OHA ਜੁਰਮਾਨੇ ਦੇਖਣ ਲਈ "ਪ੍ਰਚੂਨ ਵਿਕਰੇਤਾ" ਵਾਲੇ ਪੰਨੇ 'ਤੇ ਜਾਓ। ਜੇਕਰ ਕੋਈ ਉਲੰਘਣਾ ਹੁੰਦੀ ਹੈ ਤਾਂ ਜੁਰਮਾਨੇ **ਸਟੋਰ ਦੇ ਮਾਲਕਾਂ** ਉੱਤੇ ਲਗਾਏ ਜਾਣਗੇ – ਨਾ ਕਿ ਸਟੋਰ ਦੇ ਕਲਰਕਾਂ ਜਾਂ ਨੌਜਵਾਨਾਂ 'ਤੇ।

## ਕੀ ਜੁਰਮਾਨਿਆਂ ਲਈ ਕੋਈ ਅਪੀਲ ਪ੍ਰਕਿਰਿਆ ਹੈ?

ਹਾਂ। ਜੇਕਰ ਤੁਹਾਨੂੰ ਪ੍ਰਮਾਣਿਤ ਡਾਕ ਦੁਆਰਾ ਕੋਈ ਸਿਵਲ ਜੁਰਮਾਨਾ ਲਗਾਏ ਜਾਣ ਦੇ ਇਰਾਦੇ ਨਾਲ ਕੋਈ ਸੂਚਨਾ ਮਿਲਦੀ ਹੈ, ਤਾਂ ਤੁਸੀਂ ਸੁਣਵਾਈ ਲਈ ਕਹਿ ਸਕਦੇ ਹੋ। ਸੂਚਨਾ ਮਿਲਣ ਤੋਂ ਬਾਅਦ ਤੁਹਾਨੂੰ 21 ਦਿਨ ਦੇ ਅੰਦਰ-ਅੰਦਰ OHA ਕੋਲ ਆਪਣੀ ਲਿਖਤੀ ਬੇਨਤੀ ਦਰਜ ਕਰਾਉਣੀ ਹੁੰਦੀ ਹੈ।

## ਜੇਕਰ ਕਾਊਂਟੀ ਜਾਂ ਸ਼ਹਿਰ ਦਾ ਪ੍ਰੋਗਰਾਮ ਹੈ ਤਾਂ ਮੈਨੂੰ ਕਾਊਂਟੀ ਵਾਲੇ ਜਾਂ ਰਾਜ ਵਾਲੇ ਵਿੱਚੋਂ ਕਿਸਦੀ ਪਾਲਣਾ ਕਰਨੀ ਚਾਹੀਦੀ ਹੈ?

ਕੁੱਝ ਕਾਊਂਟੀਆਂ ਅਤੇ ਸ਼ਹਿਰਾਂ ਵਿੱਚ ਆਪਣੇ-ਆਪਣੇ ਤੰਬਾਕੂ ਰੀਟੇਲ ਲਾਇਸੰਸ ਪ੍ਰੋਗਰਾਮ ਹੁੰਦੇ ਹਨ। ਇਹ ਲੱਭਣ ਲਈ ਓਰਿਗਨ ਮਾਲੀਆ ਵਿਭਾਗ ਦੀ ਰਾਜਵਿਆਪੀ ਤੰਬਾਕੂ ਰੀਟੇਲ ਲਾਇਸੰਸ ਵੈੱਬਸਾਈਟ 'ਤੇ ਜਾਓ ਕਿ ਤੁਹਾਡੇ ਖੇਤਰ ਵਿੱਚ ਤੰਬਾਕੂ ਰੀਟੇਲ ਲਾਇਸੰਸ ਕੌਣ ਜਾਰੀ ਕਰਦਾ ਹੈ।

## ਰਾਜ ਕਿਵੇਂ ਯਕੀਨੀ ਬਣਾਏਗਾ ਕਿ ਲਾਗੂਕਰਨ ਸਮਾਨ ਹੈ?

**ਗੋਰੇ-ਕਾਲੇ ਪ੍ਰਚੂਨ ਵਿਕਰੇਤਾ:** ਲਾਇਸੰਸ ਫੀਸ ਤੋਂ ਹੋਣ ਵਾਲੀ ਕਮਾਈ ਤੋਂ OHA ਨੂੰ ਤੰਬਾਕੂ ਪ੍ਰਚੂਨ ਵਿਕਰੀ ਨਾਲ ਜੁੜੇ ਕਨੂੰਨਾਂ ਨੂੰ ਲਾਗੂ ਕਰਨ ਦੀ ਪ੍ਰੇਰਨਾ ਮਿਲਦੀ ਹੈ। ਇਸਦਾ ਅਰਥ ਹੈ ਕਿ ਲੋਕ ਸਿਹਤ ਮਾਹਰ ਸਿੱਖਿਆ ਪ੍ਰਦਾਨ ਕਰਨ ਅਤੇ ਅਨੁਪਾਲਣ ਸੰਬੰਧੀ ਜਾਂਚਾਂ ਕਰਨ ਲਈ ਕਾਰੋਬਾਰਾਂ ਵਿੱਚ ਦੌਰਾ ਕਰਨਗੇ ਨਾ ਕਿ ਕਨੂੰਨੀ ਲਾਗੂਕਰਨ ਏਜੰਸੀਆਂ। ਸਮਾਨ ਰੂਪ ਵਿੱਚ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ, OHA ਇੰਸਪੈਕਟਰ ਲੋਕ ਸਿਹਤ ਅਤੇ ਨਸਲੀ ਸਮਾਨਤਾ ਵਾਲੇ ਸੰਗਠਨਾਂ ਦੁਆਰਾ ਬਣਾਈਆਂ ਗਈਆਂ ਰਾਸ਼ਟਰੀ ਸਿਫਾਰਸ਼ਾਂ ਦੀ ਪਾਲਣਾ ਕਰਦੇ ਹਨ। ਇਸ ਵਿੱਚ ਸ਼ਾਮਲ ਹੈ:

- ਮੁਲਾਂਕਣ ਕਰਨਾ ਕਿ ਕਨੂੰਨ ਲਾਗੂ ਕਰਕੇ ਨੌਜਵਾਨਾਂ ਨੂੰ ਕੀਤੀ ਜਾ ਰਹੀ ਵਿਕਰੀ ਘੱਟ ਹੋ ਰਹੀ ਹੈ ਜਾਂ ਨਹੀਂ
- ਯਕੀਨੀ ਬਣਾਉਣਾ ਕਿ ਲਾਗੂਕਰਨ ਅਭਿਆਸ ਤੰਬਾਕੂ ਉਦਯੋਗ ਦੁਆਰਾ ਟੀਚਾ ਬਣਾਏ ਜਾਣ ਵਾਲੇ ਭਾਈਚਾਰਿਆਂ ਨੂੰ ਅਣਉਚਿਤ ਰੂਪ ਵਿੱਚ ਆਪਣਾ ਟੀਚਾ ਨਾ ਬਣਾਉਣ।

**ਨੌਜਵਾਨ ਅਤੇ ਗੋਰੇ-ਕਾਲੇ ਭਾਈਚਾਰੇ:** ਤੰਬਾਕੂ ਪ੍ਰਚੂਨ ਲਾਇਸੰਸ ਬਿੱਲ ਵਿੱਚ ਤੰਬਾਕੂ ਉਤਪਾਦ ਖਰੀਦਣ, ਵਰਤਣ ਅਤੇ ਕੋਲ ਰੱਖਣ ਵਾਲੇ ਨੌਜਵਾਨਾਂ ਲਈ ਜੁਰਮਾਨਿਆਂ ਨੂੰ ਹਟਾ ਦਿੱਤਾ ਗਿਆ ਹੈ। ਇਹ ਗੋਰੇ-ਕਾਲੇ ਨੌਜਵਾਨਾਂ ਅਤੇ ਪੁਲਿਸ ਵਿਚਕਾਰ ਸੰਪਰਕਾਂ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਇਹ ਕਨੂੰਨ ਨੌਜਵਾਨਾਂ ਨੂੰ ਅਵੈਧ ਰੂਪ ਵਿੱਚ ਤੰਬਾਕੂ ਵੇਚਣ ਵਾਲੀਆਂ ਥਾਂਵਾਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ ਅਤੇ ਉਨ੍ਹਾਂ 'ਤੇ ਜੁਰਮਾਨਾ ਲਗਾਉਂਦਾ ਹੈ। ਇਹ ਕਨੂੰਨ ਤੰਬਾਕੂ ਉਦਯੋਗ ਦੁਆਰਾ ਸਭ ਤੋਂ ਵੱਧ ਨਿਸ਼ਾਨਾ ਬਣਾਏ ਜਾਣ ਵਾਲੇ ਭਾਈਚਾਰਿਆਂ ਨੂੰ ਸਮਰੱਥ ਬਣਾਉਂਦਾ ਹੈ ਤਾਂ ਕਿ ਨੌਜਵਾਨਾਂ ਅਤੇ ਪਰਿਵਾਰਾਂ ਦੀ ਸੁਰੱਖਿਆ ਲਈ ਨੀਤੀਆਂ ਨੂੰ ਲਾਗੂ ਕੀਤਾ ਜਾ ਸਕੇ, ਜਿਵੇਂ ਕਿ ਫਲੇਵਰ ਵਾਲੇ ਤੰਬਾਕੂ ਉਤਪਾਦਾਂ 'ਤੇ ਪਾਬੰਦੀ ਲਗਾਉਣਾ।

## ਜੇਕਰ ਮੈਨੂੰ ਹੋਰ ਸਵਾਲ ਹੋਣ ਤਾਂ ਕਿਸਨੂੰ ਸੰਪਰਕ ਕੀਤਾ ਜਾ ਸਕਦਾ ਹੈ?

OHA ਅਨੁਪਾਲਣ ਜਾਂਚ ਅਤੇ ਲਾਗੂਕਰਨ ਨਾਲ ਜੁੜੇ ਸਵਾਲਾਂ ਲਈ:

Tobacco.Inspections@odhsoha.oregon.gov

971-673-2283

www.healthoregon.org/tobaccoretailsales

DOR ਅਨੁਪਾਲਣ ਜਾਂਚ ਅਤੇ ਲਾਗੂਕਰਨ ਨਾਲ ਜੁੜੇ ਸਵਾਲਾਂ ਲਈ:

TRL.help@dor.oregon.gov

503-945-8120

www.oregon.gov/dor/programs/businesses/Pages/Statewide-Tobacco-Retail-License.aspx

ਤੁਸੀਂ ਇਸ ਦਸਤਾਵੇਜ਼ ਨੂੰ ਹੋਰ ਭਾਸ਼ਾਵਾਂ, ਵੱਡੇ ਪ੍ਰਿੰਟ, ਬ੍ਰੇਲ ਜਾਂ ਆਪਣੇ ਪਸੰਦੀਦਾ ਫਾਰਮੈੱਟ ਵਿੱਚ ਮੁਫ਼ਤ ਪ੍ਰਾਪਤ ਕਰ ਸਕਦੇ ਹੋ। Tobacco.Inspections@odhsoha.oregon.gov ਜਾਂ 971-673-2283 'ਤੇ ਤੰਬਾਕੂ ਰੀਟੇਲ ਲਾਇਸੰਸ ਪ੍ਰੋਗਰਾਮ ਨਾਲ ਸੰਪਰਕ ਕਰੋ। ਅਸੀਂ ਸਾਰੀਆਂ ਰਿਲੇਅ ਕਾਲਾਂ ਸਵੀਕਾਰ ਕਰਦੇ ਹਾਂ।

200-324900 (07/24) Punjabi